TRIDENTGROUP

# ਟ੍ਰਾਈਡੈਂਟ ਲਿਮਿਟਿਡ


ਸੀ ਆਈ ਐਨ :ਐਲ99999ਪੀਬੀ1990ਪੀਐਲਸੀ010307
ਰਜਿ. ਦਫ਼ਤਰ : ਟ੍ਰਾਈਡੈਂਟ ਗਰੁੱਪ, ਰਾਏਕੋਟ ਰੋਡ, ਸੰਘੇੜਾ-148101, ਭਾਰਤ
ਟੋਲ ਫ੍ਰੀ ਨੰਬਰ : 1800-180-2999 ਫੈਕਸ : 0161-5039900
ਵੈਬਸਾਈਟ : www.tridentindia.com | ਈ-ਮੇਲ : investor@tridentindia.com


## ਨੋਟਿਸ

ਇਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਮਿਤੀ 15 ਮਈ, 2014 ਦੇ ਨੋਟਿਸ ਵਿੱਚ ਦਰਸਾਏ ਮੱਤਿਆਂ ਨੂੰ ਵਿਚਾਰਣ ਅਤੇ ਪਾਸ ਕਰਨ ਲਈ ਟ੍ਰਾਈਡੈਂਟ ਲਿਮਿਟਿਡ ਦੇ ਮੈਂਬਰਾਂ ਦੀ ਸਲਾਨਾ ਜਨਰਲ ਮੀਟਿੰਗ ਦਿਨ ਬੁੱਧਵਾਰ, ਮਿਤੀ 24 ਸਤੰਬਰ, 2014 ਨੂੰ ਸਵੇਰੇ 11.30 ਵਜੇ ਕੰਪਨੀ ਦੇ ਰਜਿਸਟਰਡ ਦਫ਼ਤਰ ਟ੍ਰਾਈਡੈਂਟ ਗਰੁੱਪ, ਰਾਏਕੋਟ ਰੋਡ, ਸੰਘੇੜਾ ਵਿਖੇ ਬੁਲਾਈ ਗਈ ਹੈ।

ਏ) ਕੰਪਨੀ ਨੇ ਨੋਟਿਸ, ਵਿਸਥਾਰਤ ਸਟੇਟਮੈਂਟ ਅਤੇ ਸਬੰਧਿਤ ਅਨੁਲੱਗਾਂ ਦੀ ਡਿਸਪੈਚ ਮਿਤੀ 22 ਅਗਸਤ, 2014 ਨੂੰ ਮੁਕੰਮਲ ਕਰ ਲਈ ਹੈ ।

ਬੀ) ਕੰਪਨੀਜ਼ ਐਕਟ 2013 ਦੇ ਸੈਕਸ਼ਨ 108 ਦੀਆਂ ਵਿਵਸਥਾਵਾਂ, ਕੰਪਨੀਜ਼ (ਪ੍ਰਬੰਧਨ ਅਤੇ ਪ੍ਰਸ਼ਾਸਨ) ਰੂਲ 2014 ਦੇ ਰੂਲ 20 ਅਤੇ ਲਿਸਟਿੰਗ ਐਗਰੀਮੈਂਟ ਦੇ ਕਲਾਜ਼ 35-ਬੀ ਦੇ ਸਬੰਧ ਵਿੱਚ ਕੰਪਨੀ ਮੈਂਬਰਾਂ ਨੂੰ ਇਲੈਕਟ੍ਰੋਨਿਕਲੀ ਵੋਟ ਕਰਨ ਦੀ ਸੁਵਿਧਾ (ਈ-ਵੋਟਿੰਗ) ਸੈਂਟਰਲ ਡਿਪਾਜ਼ਿਟਰੀ ਸਰਵਿਸਿਜ਼, (ਇੰਡੀਆ) ਲਿਮਿਟਿਡ ਦੇ ਈ-ਵੋਟਿੰਗ ਪਲੇਟਫਾਰਮ 'ਤੇ ਮੁਹੱਇਆ ਕਰਵਾਈ ਜਾ ਰਹੀ ਹੈ। ਈ-ਵੋਟਿੰਗ ਦੀ ਪ੍ਰਕ੍ਰਿਆ ਨੂੰ ਨੋਟਿਸ ਵਿੱਚ "ਵੋਟਿੰਗ ਥਰੂ ਇਲੈਕਟ੍ਰਾਨਿਕ ਮੀਨਜ਼" ਤਹਿਤ ਵਿਸਤਾਰ ਨਾਲ ਦਰਸਾਇਆ ਗਿਆ ਹੈ ।

ਸੀ) ਈ-ਵੋਟਿੰਗ ਦਾ ਸਮਾਂ ਦਿਨ ਬੁਧਵਾਰ, ਮਿਤੀ 17 ਸਤੰਬਰ, 2014 ਨੂੰ ਸਵੇਰੇ 10.00 ਵਜੇ ਆਰੰਭ ਹੋਵੇਗਾ ਅਤੇ ਦਿਨ ਸ਼ਨੀਵਾਰ, ਮਿਤੀ 20 ਸਤੰਬਰ, 2014 ਨੂੰ ਸਵੇਰੇ 10.00 ਵਜੇ ਸਮਾਪਤ ਹੋਵੇਗਾ। ਮਿਤੀ 4 ਜੁਲਾਈ 2014 ਦਿਨ ਸ਼ੁਕਰਵਾਰ ਦੇ ਕੱਟ ਆਫ਼ ਡੇਟ (ਰਿਕਾਰਡ ਮਿਤੀ) ਅਨੁਸਾਰ ਇਸ ਸਮੇ ਦੌਰਾਨ ਕੰਪਨੀ ਦੇ ਸ਼ੇਅਰ ਹੋਲਡਰਜ਼, ਚਾਹੇ ਉਹ ਹਕੀਕੀ ਰੂਪ ਵਿੱਚ ਜਾਂ ਗੈਰ-ਹਕੀਕੀ ਦੇ ਰੂਪ ਵਿੱਚ ਸ਼ੇਅਰ ਰੱਖਦੇ ਹਨ, ਉਹ ਆਪਣੀ ਵੋਟ ਇਲੈਕਟ੍ਰੋਨਿਕਲੀ ਪਾ ਸਕਦੇ ਹਨ। ਸ਼ੇਅਰ ਹੋਲਡਰ ਦੁਆਰਾ ਇੱਕ ਵਾਰ ਮਤੇ 'ਤੇ ਵੋਟ ਪਾਏ ਜਾਣ ਤੋਂ ਬਾਅਦ ਸ਼ੇਅਰ ਹੋਲਡਰ ਨੂੰ ਆਪਣਾ ਵੋਟ ਬਦਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਡੀ) 24ਵੀਂ ਸਲਾਨਾ ਜਨਰਲ ਮੀਟਿੰਗ ਦੇ ਨੋਟਿਸ ਨੂੰ ਵਿਸਥਾਰਤ ਸਟੇਟਮੈਂਟ ਸਮੇਤ ਹੋਰ ਅਨੁਲੱਗਾਂ ਦੇ ਨਾਲ ਕੰਪਨੀ ਦੀ ਵੈਬਸਾਈਟ www.tridentindia.com ਅਤੇ ਈ-ਵੋਟਿੰਗ ਏਜੰਸੀ ਦੀ ਵੈੱਬਸਾਈਟ www.cdslindia.com 'ਤੇ ਵੀ ਪਾਇਆ ਗਿਆ ਹੈ ।

ਈ) ਜੇਕਰ ਈ-ਵੋਟਿੰਗ ਸਬੰਧੀ ਤੁਹਾਡਾ ਕੋਈ ਸਵਾਲ ਹੈ ਜਾਂ ਮੁੱਦੇ ਹਨ, ਤੁਸੀ www.evotingindia.co.in ਦੀ Help Section ਦੇ ਅੰਦਰ FAQs ਅਤੇ E-voting Manual ਜਾਂ ਈ-ਵੋਟਿੰਗ ਏਜੰਸੀ ਦੇ ਈ-ਮੇਲ ਪਤੇ helpdesk.evoting@cdslindia.com ਤੇ ਜਾਂ ਕੰਪਨੀ ਦੇ ਈ-ਮੇਲ ਪਤੇ investor@tridentindia.com ਤੇ ਜਾਂ ਕੰਪਨੀ ਸਕੱਤਰ ਨੂੰ ਰਜਿ. ਦਫ਼ਤਰ ਦੇ ਪਤੇ ਤੇ ਭੇਜ ਸਕਦੇ ਹੋ ਜਾਂ ਕੰਪਨੀ ਦੇ ਟੋਲ ਫ੍ਰੀ ਨੰਬਰ 1800-180-2999 ਤੇ ਸੰਪਰਕ ਕਰ ਸਕਦੇ ਹੋ ।

ਕੰਪਨੀ ਨੇ ਉਨ੍ਹਾਂ ਸਾਰੇ ਮੈਬਰਾਂ ਨੂੰ ਨੋਟਿਸ ਭੇਜ ਦਿੱਤੇ ਹਨ ਜਿਨ੍ਹਾਂ ਨੇ ਆਪਣੇ ਈ-ਮੇਲ ਆਈਡੀਜ਼ ਕੰਪਨੀ/ਰਜਿਸਟਰਾਰ/ਡਿਪਾਜ਼ਿਟਰੀ ਪਾਰਟੀਸਿਪੈਂਟ ਕੋਲ ਰਜਿਸਟਰਡ ਕਰਵਾਏ ਹਨ ਅਤੇ ਜਿਨ੍ਹਾਂ ਦੇ ਨਾਂ ਮਿਤੀ 04 ਜੁਲਾਈ 2014 ਦਿਨ ਸ਼ੁਕਰਵਾਰ ਨੂੰ ਕੰਪਨੀ ਦੇ ਮੈਂਬਰਾਂ ਦੇ ਰਜਿਸਟਰ/ਡਿਪਾਜ਼ਿਟਰੀ ਪਾਰਟੀਸਿਪੈਂਟ ਦੇ ਰਿਕਾਰਡ ਵਿੱਚ ਰਜਿਸਟਰਡ ਹੋ ਚੁੱਕੇ ਸਨ । ਇਸ ਦੇ ਸਬੰਧ ਵਿੱਚ ਕੱਟ ਆਫ਼ ਡੇਟ (ਰਿਕਾਰਡ ਮਿਤੀ) 04 ਜੁਲਾਈ 2014 ਦਿਨ ਸ਼ੁਕਰਵਾਰ ਹੈ, ਜੋ ਕਿ ਨੋਟਿਸ ਵਿੱਚ ਅਸਾਵਧਾਨੀ ਨਾਲ 12 ਸਤੰਬਰ 2014 ਦਿੱਤੀ ਗਈ ਹੈ ।

ਕੰਪਨੀਜ਼ ਐਕਟ, 2013 ਦੀ ਧਾਰਾ 91 ਅਤੇ ਲਿਸਟਿੰਗ ਐਗਰੀਮੈਂਟ ਦੇ ਕਲਾਜ਼ 16 ਦੇ ਅਧੀਨ ਸੂਚਿਤ ਕੀਤਾ ਜਾਂਦਾ ਹੈ ਕਿ ਕੰਪਨੀ ਦੀ ਸਲਾਨਾ ਜਨਰਲ ਮੀਟਿੰਗ ਅਤੇ ਸ਼ੇਅਰ ਹੋਲਡਰਾਂ ਦੇ ਸਾਲ 2013-14 ਦੇ ਵਿੱਤੀ ਡਿਵਿਡੈਂਡ ਸਬੰਧੀ ਅਧਿਕਾਰਿਤਾ ਜਾਨਣ ਦੇ ਮਕਸਦ ਨਾਲ ਕੰਪਨੀ ਦਾ ਰਜਿਸਟਰ ਆਫ ਮੈਂਬਰ ਅਤੇ ਸ਼ੈਅਰ ਟ੍ਰਾਂਸਫਰ ਦੀਆਂ ਕਿਤਾਬਾਂ ਮਿਤੀ 13 ਸਤੰਬਰ, 2014 ਦਿਨ ਸ਼ਨੀਵਾਰ ਤੋਂ 24 ਸਤੰਬਰ, 2014 ਦਿਨ ਬੁਧਵਾਰ (ਦੋਵੇਂ ਦਿਨ ਸ਼ਾਮਿਲ) ਦੀ ਬਜਾਏ ਮਿਤੀ 23 ਸਤੰਬਰ, 2014 ਦਿਨ ਮੰਗਲਵਾਰ ਤੋਂ 24 ਸਤੰਬਰ, 2014 ਦਿਨ ਬੁੱਧਵਾਰ (ਦੋਵੇਂ ਦਿਨ ਸ਼ਾਮਿਲ) ਨੂੰ ਬੰਦ ਰਹਿਣਗੀਆਂ ।

ਬੋਰਡ ਦੇ ਆਦੇਸ਼ ਅਧੀਨ
ਵਾਸਤੇ ਟ੍ਰਾਈਡੈਂਟ ਲਿਮਿਟਿਡ
ਸਹੀ-
(ਪਵਨ ਬੱਬਰ)
ਕੰਪਨੀ ਸਕੱਤਰ
ਮੈਂਬਰਸ਼ਿਪ ਨੰਬਰ: F5755

ਸਥਾਨ : ਸੰਘੇੜਾ
ਮਿਤੀ : 22.08.2014